ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ
(ਅਮਲਾ-2 ਸ਼ਾਖਾ)

# ਨੋਟਿਸ

ਮਿਤੀ: 10.03.2019

1.0 ਵਿਭਾਗ ਵੱਲੋਂ ਸਰਵ ਸਿੱਖਿਆ ਅਭਿਆਨ / ਰਾਸ਼ਟਰੀ ਮਾਧਿਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਸਬੰਧੀ ਮਿਤੀ 08.03.2019 ਨੂੰ ਨੋਟਿਸ ਜਾਰੀ ਕਰਦੇ ਹੋਏ ਸਬੰਧਤ ਕਰਮਚਾਰੀਆਂ ਨੂੰ ਰੈਗੂਲਰ ਸੇਵਾਵਾਂ ਦੇ ਹੁਕਮ ਪ੍ਰਾਪਤ ਕਰਨ ਲਈ ਮਿਤੀ 11.03.2019 ਨੂੰ ਮੁੱਖ ਦਫਤਰ ਵਿਖੇ ਬੁਲਾਇਆ ਗਿਆ ਸੀ।

2.0 ਉਕਤ ਤੋਂ ਇਲਾਵਾ, 3582 ਮਾਸਟਰ ਕਾਡਰ ਦੀ ਨਿਯੁੱਕਤੀ ਪੱਤਰ ਦੇਣ ਦੀ ਚਲਦੀ ਪ੍ਰੀਕ੍ਰਿਆ ਤਹਿਤ ਸਾਇੰਸ, ਮੈਥ, ਸਮਾਜਿਕ ਸਿੱਖਿਆ ਅਤੇ ਪੰਜਾਬੀ ਵਿਸ਼ੇ ਦੇ ਯੋਗ ਅਧਿਆਪਕਾਂ ਨੂੰ, ਜਿੰਨਾਂ ਨੂੰ ਮਿਤੀ 25.02.2019 ਨੂੰ ਨਿਯੁੱਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ, ਉਨ੍ਹਾਂ ਨੂੰ ਵੀ ਨਿਯੁੱਕਤੀ ਪੱਤਰ ਸਮੇਤ ਸਟੇਸ਼ਨ ਦੀ ਚੋਣ ਲਈ ਮਿਤੀ 08.03.2019 ਦੇ ਨੋਟਿਸ ਰਾਹੀਂ ਮਿਤੀ 11.03.2019 ਨੂੰ ਮੁੱਖ ਦਫਤਰ ਵਿਖੇ ਬੁਲਾਇਆ ਗਿਆ ਸੀ।

3.0 ਪ੍ਰੰਤੂ ਮਾਨਯੋਗ ਭਾਰਤੀ ਚੋਣ ਕਮਿਸ਼ਨ ਵੱਲੋਂ ਅੱਜ ਲੋਕ ਸਭਾ ਚੋਣਾਂ 2019 ਦੀ ਘੋਸ਼ਣਾ ਉਪਰੰਤ ਚੋਣ ਜਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ।

4.0 ਇਸ ਲਈ ਉਕਤ ਅਨੁਸਾਰ ਤਜਵੀਜਤ ਪ੍ਰੋਗਰਾਮ ਤੁਰੰਤ ਪ੍ਰਭਾਵ ਨਾਲ ਅਗਲੇਰੇ ਹੁਕਮਾਂ ਤੱਕ ਮੁਲਤਵੀ ਕੀਤਾ ਜਾਂਦਾ ਹੈ।

5.0 ਇਸ ਸਬੰਧੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਉਕਤ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਇਸ ਮਾਮਲੇ ਬਾਰੇ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਤੱਕ ਪਹੁੰਚ ਕੀਤੀ ਜਾ ਰਹੀ ਹੈ।

6.0 ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਦਫਤਰ ਵੱਲੋਂ ਪ੍ਰਾਪਤ ਹੁੰਦੇ ਅਗਲੇਰੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ ਜਿਸ ਸਬੰਧੀ ਵੱਖਰੇ ਤੌਰ ਤੇ ਵਿਭਾਗ ਦੀ ਵੈਬਸਾਈਟ ਤੇ ਸੂਚਿਤ ਕਰ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ